# ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

## ਕੜੀ-27, ਭੂਮੀ ਪ੍ਰਬੰਧਨ ਅਤੇ ਭੂਮੀ ਵਰਤੋਂ ਵਿਚ ਬਦਲਾਅ

## (MANAGING LAND AND CHANGE LAND USE)


ਖੋਜ ਲੇਖਣ: ਡਾ. ਈ ਆਰ ਸੁਬਰਾਮਨੀਅਮ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ


( In this episode we have discussed the Land-use activities whether converting natural landscapes for human use or changing management practices on human-dominated lands that have transformed a large proportion of the planet's land surface. Further that by denuding tropical forests, practising subsistence agriculture, intensifying farm land production or expanding urbancentres, humans are changing the world's landscapes and that the land-use practices may vary across the world or across our country, but their ultimate outcome is generally the same, to produce food & fibre and to acquire natural resources for immediate human needs. However, population explosion and over exploitation of limited natural resources have caused deterioration of land. We have brought out an interesting episode on the impact of land deterioration on agriculture sector, the distress of farming community and the steps being taken by government to alleviate the problems with a vision for sustainable development by narrating the story of a farming family of a village, in a predominantly agriculture area.

( ਇਸ ਕੜੀ ਵਿੱਚ ਅਸੀਂ ਇੱਕ ਕਿਸਾਨ ਪਰਿਵਾਰ ਦੀ ਕਹਾਣੀ ਰਾਹੀਂ ਚਰਚਾ ਕੀਤੀ ਹੈ ਕਿ ਮਨੁੱਖੀ ਵਰਤੋਂ ਲਈ ਕੁਦਰਤੀ ਦ੍ਰਿਸ਼ਾਂ ਨੂੰ ਬਦਲਣ ਜਾਂ ਮਨੁੱਖੀ-ਮਾਲਕੀ ਵਾਲੀ ਭੂਮੀ 'ਤੇ ਪ੍ਰਬੰਧਨ ਵਿਧੀਆਂ ਨੂੰ ਬਦਲਣ ਵਾਲੀਆਂ ਜ਼ਮੀਨ-ਉਪਯੋਗ ਦੀਆਂ ਗਤੀਵਿਧੀਆਂ ਨੇ ਭੂਮੀ ਦੀ ਸਤਹਿ ਦਾ ਇਕ ਵੱਡਾ ਭਾਗ ਬਦਲ ਦਿੱਤਾ ਹੈ । ਇਸਦੇ ਨਾਲ ਹੀ ਕਿ ਉਸ਼ਣਕਟੀਬੰਧੀ ਜੰਗਲਾਂ ਦੀ ਕਟਾਈ ਕਰਕੇ ਗੁਜ਼ਾਰੇ ਵਾਸਤੇ ਖੇਤੀ ਕਰਕੇ, ਖੇਤੀਯੋਗ ਭੂਮੀ ਤੋਂ ਉਤਪਾਦਨ ਵਧਾਉਣ ਜਾਂ ਸ਼ਹਿਰਾਂ ਦਾ ਵਿਸਤਾਰ ਕਰਦੇ ਹੋਏ ਮਨੁੱਖ ਦੁਨੀਆਂ ਦੇ ਦ੍ਰਿਸ਼ ਨੂੰ ਬਦਲ ਰਹੇ ਹਨ! ਭੂਮੀ-ਉਪਯੋਗ ਦੀਆਂ ਵਿਧੀਆਂ ਦੁਨੀਆਂ ਭਰ ਵਿਚ ਜਾਂ ਸਾਡੇ ਦੇਸ਼ ਭਰ ਵਿਚ ਭਿੰਨ ਹੋ ਸਕਦੀਆਂ ਹਨ, ਪਰ ਉਨ੍ਹਾਂ ਦੇ ਅੰਤਿਮ ਨਤੀਜੇ ਆਮ ਤੌਰ 'ਤੇ ਇੱਕੋ ਜਿਹੇ ਹੀ ਹੁੰਦੇ ਹਨ ! ਕਿ ਭੋਜਨ ਤੇ ਰੇਸ਼ਿਆਂ ਦਾ ਉਤਪਾਦਨ ਅਤੇ ਵਰਤਮਾਨ ਮਨੁੱਖੀ ਜ਼ਰੂਰਤਾਂ ਦੀ ਪੂਰਤੀ ਲਈ ਕੁਦਰਤੀ ਸਾਧਨ ਗ੍ਰਹਿਣ ਕਰਨਾ ਤੇ ਜਨਸੰਖਿਆ ਦੇ ਵਾਧੇ ਅਤੇ ਸੀਮਤ ਸਾਧਨਾਂ ਦੇ ਲੋੜੋਂ ਵੱਧ ਦੋਹਣ ਨੇ ਜ਼ਮੀਨ ਦੀ ਗੁਣਵੱਤਾ ਘਟਾ ਦਿੱਤੀ ਹੈ ! ਅਸੀਂ ਖੇਤੀ ਖੇਤਰ ਵਿੱਚ ਜ਼ਮੀਨ ਦੀ ਖਰਾਬ ਹੋਈ ਹਾਲਤ, ਕਿਸਾਨੀ ਦਾ ਸੰਕਟ, ਤੇ ਟਿਕਾਊ

ਵਿਕਾਸ ਦੇ ਨਜ਼ਰੀਏ  ਨਾਲ ਇਸ ਸੰਕਟ ਦੇ ਹੱਲ ਵਾਸਤੇ ਸਰਕਾਰ ਵੱਲੋਂ ਕੀਤੇ ਗਏ ਯਤਨਾਂ ਦੀ ਕਹਾਣੀ ਸੁਣਾਈ ਹੈ ਖੇਤੀਬਾੜੀ ਪ੍ਰਧਾਨ ਇਲਾਕੇ ਦੇ ਪਿੰਡ ਦੇ ਇੱਕ ਪਰਿਵਾਰ ਦੀ ਵਿਥਿਆ ਦੇ ਰਾਹੀਂ ! )

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਗਾਮਾ : ਕਿਸਾਨ , ਪਿਤਾ (51 ਸਾਲ)

ਵਸੁਧਾ : ਗਾਮੇ ਦੀ ਪਤਨੀ, ਮਾਂ (47 ਸਾਲ)

ਪ੍ਰਿਥੀ:  ਗਾਮੇ ਦਾ ਪੁੱਤਰ ਵਿਦਿਆਰਥੀ  (22 ਸਾਲ)

ਸੁਰਜੀਤ: ਗਾਮੇ ਦੀ ਪੁੱਤਰੀ ਵਿਦਿਆਰਥਣ  (19 ਸਾਲ)

ਹਰਜੀਤ ਸਿੰਘ (ਪ੍ਰਬੰਧਕ) : ਪਿੰਗਲਵਾੜਾ ਫਾਰਮ ਮਾਨਾਵਾਲਾ

ਹਰਵਿੰਦਰ ਕੌਰ : ਪ੍ਰੋਫੈਸਰ ਖੇਤੀਬਾੜੀ ਯੂਨੀਵਰਸਿਟੀ ਦੇ ਕਾਲਜ ਵਿੱਚ

ਡਾ. ਬਲਵਿੰਦਰ ਸਿੰਘ : ਖੇਤੀ ਵਿਗਿਆਨੀ

ਸੁਧੀਰ: ਤਹਿਸੀਲਦਾਰ

ਡਾ. ਸੁਨੀਲ : ਮਿੱਟੀ ਵਿਗਿਆਨੀ

ਸ਼ਿਵ: ਮੱਛੀ ਪਾਲਕ

ਨਰੰਜਣ: ਇੱਕ ਕਿਸਾਨ

<u>ਸ਼ੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਰੇਡੀਓ ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਛੱਬੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਚਰਚਾ, ਮੌਜੂਦਾ ਵਿਕਾਸ ਮਾਡਲ ਵੱਲੋਂ ਸਿਰਜੇ ਖਪਤਵਾਦ 'ਤੇ ! ਖਪਤ ਸਭਿਆਚਾਰ ਵਾਲੀ ਜੀਵਣ ਸ਼ੈਲੀ ਦੇ ਸਿੱਟਿਆਂ ਦੀ, ਉਨ੍ਹਾਂ ਖਤਰਿਆਂ ਦੀ ਜੋ ਦਰਪੇਸ਼ ਨੇ ਸਾਡੇ ਜੈਵਿਕ ਤੇ ਅਜੈਵਿਕ ਸੰਸਾਰ ਨੂੰ, ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਰੂਬਰੂ ਹੋ ਰਹੇ ਹਾਂ ਅਸੀਂ ਸਾਡੇ ਸ੍ਰੋਤਿਆਂ ਦੇ, "ਟਿਕਾਊ ਵਿਕਾਸ" ਦੇ ਇੱਕ ਹੋਰ ਪੱਖ ਨੂੰ ਲੈ ਕੇ ਜਿਸ ਵਿੱਚ ਕਰਾਂਗੇ ਅਸੀਂ ਪੇਸ਼ਕਾਰੀ ਭੂਮੀ ਪ੍ਰਬੰਧਨ ਦੀ ਅਤੇ ਭੂਮੀ ਵਰਤੋਂ ਵਿੱਚ ਆਏ ਬਦਲਾਵਾਂ ਦੀ!

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ ਅੱਜ ਇਸ 27ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ । ਸੱਭ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ "**ਕੁਦਰਤ ਨਹੀਂ ਤੋਲੀ ਜਾ ਸਕਦੀ ਪੈਸੇ ਦੀ ਤੱਕੜੀ ਤੇ**" ਵਿੱਚ ਸੁਣਾਇਆ ਸੀ ਬ੍ਰਿਤਾਂਤ ਸਾਡੇ ਕੁਦਰਤੀ ਸੰਸਾਧਨਾਂ ਦੀ ਹਕੀਕੀ ਦੌਲਤ ਦਾ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਕੁਦਰਤ ਦੇ ਵੱਖ ਵੱਖ ਸਰੋਤ ਬੱਝੇ ਹੋਏ ਨੇ ਇਕ ਤਾਣੇ ਬਾਣੇ ਵਿੱਚ ! ਕਰਦਾ ਹੈ ਜੋ ਪੂਰਤੀ ਸਾਡੀਆਂ ਨਾ-ਨਾ ਪ੍ਰਕਾਰ ਦੀਆਂ ਲੋੜਾਂ ਦੀ !

**ਮਰਦ ਸੂਤਰਧਾਰ:** ਸੁਣ ਲਈ ਸੀ ਕਹਾਣੀ ਵੰਨ - ਸੁਵੰਨੇ ਪਦਾਰਥਾਂ ਦੀ ਮਿਲਦੇ ਨੇ ਜੋ ਸਾਨੂੰ ਕੁਦਰਤ ਕੋਲੋਂ !

**ਔਰਤ ਸੂਤਰਧਾਰ:** ਸੁਣਾ ਦਿੱਤੀ ਸੀ ਕਹਾਣੀ ਸਾਡੀ ਸਿਖਿਆ ਤੋਂ ਨਿਰਾਸ਼ ਹੋਏ ਇੱਕ ਅਧਿਆਪਕ ਦੀ ਜਿਸਦੇ ਸਪੁੱਤਰ ਨੂੰ ਮਿਲਿਆ ਸੀ ਖਿਤਾਬ, ਬੇਸ਼ੱਕ "ਸਾਲ ਦੇ ਉੱਤਮ ਕਾਰੋਬਾਰੀ ਦਾ" ਅਮਰੀਕੀ ਸੰਸਥਾ ਵੱਲੋਂ !

**ਮਰਦ ਸੂਤਰਧਾਰ:** ਵਿਸਤਾਰ ਸੀ ਕਿ ਕਿਵੇਂ ਸਾਡੀ ਅਜੋਕੀ ਸਿਖਿਆ ਨੇ ਸਾਡੇ ਕੋਲੋਂ ਖੋਹ ਲਿਆ ਸਾਡੇ ਨਾਲ ਕੁਦਰਤ ਦਾ ਮੇਲ ਜੋਲ ਤੇ ਕੁਦਰਤ ਤੋਂ ਸਿੱਖਣ ਦਾ ਅਮਲ ਵੀ !

**ਔਰਤ ਸੂਤਰਧਾਰ:** ਸੁਣਾਇਆ ਸੀ ਬ੍ਰਿਤਾਂਤ ਕਿ ਕਿਵੇਂ ਕੁਦਰਤ ਹੈ ਇੱਕ ਜਿਉਂਦੀ ਜਾਗਦੀ ਵਾਤਾਵਰਣੀ ਤੇ ਪ੍ਰਸਿਥਿਤਿਕ ਤੰਤਰ ਪਰ ਭੁੱਲ ਗਏ ਹਾਂ ਅਸੀਂ ਸਮਝਣਾ ਇਸ ਪ੍ਰਣਾਲੀ ਦੇ ਤਾਣੇ ਪੇਟੇ ਨੂੰ !

**ਮਰਦ ਸੂਤਰਧਾਰ:** ਦੱਸਿਆ ਸੀ ਕਿ ਅਸੀਂ ਤਾਂ ਕੁਦਰਤ ਦੀ ਹਰ ਦਾਤ ਨੂੰ ਤੋਲਣਾ ਸੁਰੂ ਕਰ ਦਿੱਤਾ ਹੈ ਉਨ੍ਹਾਂ ਚਾਰ ਛਿਲੜਿਆਂ ਦੇ ਰੂਪ ਵਿੱਚ ਜੋ ਮਿਲ ਸਕਦੇ ਨੇ ਮੰਡੀ ਵਿੱਚੋਂ ਕਿਸੇ ਅਨਮੋਲ ਦਾਤ ਦੇ ਬਦਲੇ !

**ਔਰਤ ਸੂਤਰਧਾਰ:** ਸੁਣ ਲਈ ਸੀ ਕਹਾਣੀ ਕਿ ਕਿਵੇਂ ਜਿਉਂਦੀ ਜਾਗਦੀ, ਮੱਘਦੀ ਜਿੰਦਗੀ ਦੇਣ ਵਾਲੀ ਇਸ ਪ੍ਰਣਾਲੀ ਨੂੰ ਅਸੀਂ ਤੋਲ ਦਿੱਤਾ ਸਿੱਕਿਆਂ ਦੀ ਤੱਕੜੀ ਵਿੱਚ ! ਭੁਲਾ ਬੈਠੇ ਇਸਦੀ ਅਸਲੀ ਕੀਮਤ ਨੂੰ !

**ਮਰਦ ਸੂਤਰਧਾਰ:** ਹੋਈ ਸੀ ਚਰਚਾ ਮਨੁੱਖ ਦੇ ਆਪਣੇ ਆਪ ਨੂੰ ਹੁਸ਼ਿਆਰ ਸਮਝਣ ਅਤੇ ਕੁਦਰਤ ਦੀ ਹਰ ਵਸਤੂ 'ਤੇ ਕੇਵਲ ਆਪਣਾ ਹੀ ਹੱਕ ਜੰਮਾਉਣ ਬਾਬਤ ਜਿਸ ਕਰਕੇ ਜਾਰੀ ਹੈ ਧਰਤ ਗ੍ਰਹਿ ਦੇ ਗਰਮ ਹੋਣ ਦਾ ਸਿਲਸਲਾ ਤੇ ਪਹੁੰਚ ਗਈ ਹੈ ਕਾਰਬਨ ਡਾਈ ਅਕਸਾਈਡ 410 ਪੀ. ਪੀ. ਐਮ. ਤੱਕ!

**ਔਰਤ ਸੂਤਰਧਾਰ:** ਦੱਸਿਆ ਸੀ ਕਿ ਕਿਵੇਂ ਹੈ ਗਹਿਰਾ ਆਪਸੀ ਸਬੰਧ ਇਸ ਤਾਣੇ ਬਾਣੇ ਦਾ ! ਸੁਣਾਇਆ ਸੀ ਭੇਦ ਕਿ ਕਿਵੇਂ ਇੱਕ ਪ੍ਰਜਾਤੀ ਦੇ ਹਿੱਲ ਜਾਣ ਨਾਲ ਤਹਿਸ ਨਹਿਸ ਹੋ ਜਾਂਦਾ ਹੈ ਇਹ ਸਾਰਾ ਹਾਂ ਤਾਣਾ ਬਾਣਾ !

**ਮਰਦ ਸੂਤਰਧਾਰ:**ਸਮਝ ਲਈ ਸੀ ਧਾਰਣਾ ਕੁੰਜੀਵਤ ਪ੍ਰਜਾਤੀ ਦੀ , ਪੇਸ਼ ਕੀਤੀ ਗਈ ਸੀ ਜੋ ਅਮਰੀਕੀ ਵਿਗਿਆਨੀ ਪ੍ਰੋ. ਰਾਬਰਟ ਟੀ. ਪੇਨ ਵੱਲੋਂ ਕਿ ਕੁੰਜੀਵਤ ਪ੍ਰਜਾਤੀ ਉਹ ਪ੍ਰਜਾਤੀ ਹੁੰਦੀ ਹੈ ਜਿਸਦਾ ਸੰਤੁਲਨ ਵਿਗੜ ਜਾਣ ਨਾਲ , ਹਿੱਲ ਜਾਂਦਾ ਹੈ ਸਾਰਾ ਤਾਣਾ ਬਾਣਾ!

**ਔਰਤ ਸੂਤਰਧਾਰ:** ਸੁਣਿਆ ਸੀ ਤੁਸੀਂ ਕਿ ਕਿਵੇਂ ਹਮਿੰਗ ਬਰਡ ਦੀ ਗਿਣਤੀ ਘੱਟਣ ਨਾਲ ਬੱਫਲ ਘਾਹ ਨੇ ਮੱਲ ਲਿਆ ਸੀ ਸਾਰਾ ਪ੍ਰਸਿਥਿਤਿਕ ਤੰਤਰ !

**ਮਰਦ ਸੂਤਰਧਾਰ:** ਸੁਣਾਈ ਸੀ ਗਾਥਾ ਗ੍ਰਜਿਲੀ ਰਿੱਛ ਦੀ ਜਿਹੜਾ ਹੈ ਕੀ ਸਟੋਨ ਯਾਣੀ ਕਿ ਕੁੰਜੀਵਤ ਪ੍ਰਜਾਤੀ ਤੇ ਕਾਇਮ

ਰੱਖਦਾ ਹੈ ਜੰਗਲ ਦੇ ਪ੍ਰਸਿਥਿਤਿਕ ਤੰਤਰ ਨੂੰ !

**ਔਰਤ ਸੂਤਰਧਾਰ:** ਸੁਣ ਲਿਆ ਸੀ ਕਿ ਜੰਗਲਾਂ ਤੋਂ ਮਿਲੀ ਆਕਸੀਜਨ ਦਾ , ਨਹੀਂ ਆਂਕਿਆ ਜਾ ਸਕਦਾ ਮੁੱਲ ਪੈਸੇ ਦੇ ਰੂਪ ਵਿੱਚ !

**ਮਰਦ ਸੂਤਰਧਾਰ:** ਸਮਝ ਗਏ ਸੀ ਅਸੀਂ ਕਿ ਆ ਜਾਵੇਗੀ ਮਹਾ-ਪ੍ਰਲੋ ਇਸ ਧਰਤੀ ਦੇ ਉਪਰ ਜੇ ਬੰਦ ਨਾ ਕੀਤੀ ਬੇਤਹਾਸ਼ਾ ਲੁੱਟ ਜੋ ਕੀਤੀ ਜਾ ਰਹੀ ਹੈ ਆਪਣੇ ਨਿਜੀ ਲਾਭਾਂ ਲਈ ਇਸਦੇ ਸਾਧਨਾਂ ਦੀ!

**ਔਰਤ ਸੂਤਰਧਾਰ:** ਸੁਣੀ ਸੀ ਕੰਮ ਦੀ ਇਹ ਗੱਲ ਵੀ ਕਿ ਕੁਦਰਤ ਚਾਹੁੰਦੀ ਹੈ ਸਾਡਾ ਸਾਥ ਸਾਰਿਆਂ ਦੀ ਸੁਰੱਖਿਆ ਦੇ ਵਾਸਤੇ !

**ਮਰਦ ਸੂਤਰਧਾਰ:** ਅੱਜ ਇਸ ਕੜੀ ਵਿੱਚ ਸੁਣਾਵਾਂਗੇ ਅਸੀਂ ਕਹਾਣੀ '**ਭੂਮੀ ਪ੍ਰਬੰਧਨ ਅਤੇ ਭੂਮੀ ਵਰਤੋਂ ਵਿੱਚ ਬਦਲਾਅ ਬਾਬਤ**' !

**ਔਰਤ ਸੂਤਰਧਾਰ:** ਹੋਵੇਗੀ ਚਰਚਾ ਜ਼ਮੀਨ ਦੇ ਦੋਹਣ ਦੀ ਅਤੇ ਇਸ ਨਾਲ ਹੋ ਰਹੇ ਭੂਮੀ ਵਰਤੋਂ ਦੇ ਬਦਲਾਵਾਂ ਦੀ, ਲਿਖਦੇ ਨੇ ਕਹਾਣੀ ਜੋ ਕਿਸਾਨੀ ਸੰਕਟ ਦੀ ਤੇ ਸਰਕਾਰ ਵੱਲੋਂ ਇਸ ਸੰਕਟ ਨਾਲ ਸਿੱਝਨ ਵਾਸਤੇ ਕੀਤੇ ਜਾਂਦੇ ਯਤਨਾਂ ਦੀ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਸਾਡੇ ਸ੍ਰੋਤਿਆਂ ਕੋਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀ ਸਤਾਈਵੀਂ ਕੜੀ ," **ਭੂਮੀ ਪ੍ਰਬੰਧਨ ਅਤੇ ਭੂਮੀ ਵਰਤੋਂ ਵਿੱਚ ਬਦਲਾਅ ਬਾਬਤ**" ਪੇਸ਼ ਕਰਦੇ ਨੇ ਇਉਂ ਸਾਡੇ ਕਲਾਕਾਰ! ਸੁਣੋ ਤੁਸੀਂ ! ਕਰਕੇ ਬ੍ਰਿਤੀਆਂ ਇਕਾਗਰ!

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

………………**ਕੜੀ ਦਾ ਸੰਗੀਤ** …………

**ਸਿਰਲੇਖ ਧੁਨੀ ………………………………ਮੱਧਮ ਪੈਂਦੀ ਹੈ**

**ਦ੍ਰਿਸ਼ -ਪਹਿਲਾ**

ਪੰਜਾਬ ਦਾ ਇੱਕ ਪਿੰਡ ! ਮਾੜੀਆਂ ਫ਼ਸਲਾਂ, ਘਟਦੇ ਪਾਣੀ ਤੇ ਵੱਧਦੇ ਕਰਜੇ ਕਾਰਨ ਪਿੰਡ ਦੇ ਬਹੁਤੇ ਕਿਸਾਨ ਦੁਖੀ ਹਨ ! ਗਾਮਾ ਇਕ ਸਾਧਾਰਨ ਕਿਸਾਨ ਹੈ…ਤ੍ਰਕਾਲਾਂ ਦਾ ਵਕਤ ਹੈ.. ਗਾਮਾ, ਪਿੱਪਲ ਦੇ ਰੁੱਖ ਹੇਠਾ ਬੈਠਾ ਹੈ, ਲੋਕ ਗੱਲਾਂ ਕਰ ਰਹੇ ਹਨ.. ਗਾਮੇ ਦਾ ਦੋਸਤ ਸ਼ਿਵ ਉੱਥੇ ਆ ਜਾਂਦਾ ਹੈ …!

**ਸ਼ਿਵ:** ਸਾਸਰੀਕਾਲ ਬਾਈ! ਤੁਸੀਂ ਤਾਂ ਹਰ ਹਫ਼ਤੇ ਸ਼ਹਿਰ ਦਾ ਚੱਕਰ ਲਗਾਉਂਦੇ ਸੀ… ਪਰ ਹੁਣ ਕਈ ਦਿਨਾਂ ਤੋਂ ਆਏ ਨਹੀਂ, ਕੀ ਗੱਲ ਹੈ ? ਕੱਝ ਪ੍ਰੇਸ਼ਾਨ ਦਿਖਾਈ ਦੇ ਰਹੇ ਓ…!

**ਗਾਮਾ:** ਹਾਂ ਸ਼ਿਵ, ਮੈਂ ਪ੍ਰੇਸ਼ਾਨ ਹਾਂ…ਝੋਨੇ ਦੀ ਖੇਤੀ ਨਾਲ ਪਹਿਲਾਂ ਤਾਂ ਮੇਰੀ ਪੰਜ ਏਕੜ ਜ਼ਮੀਨ ਵਿੱਚੋਂ ਮੈਨੂੰ ਕਰੀਬ 40 ਬੋਰੇ ਪ੍ਰਤੀ ਏਕੜ ਝਾੜ ਮਿਲਦਾ ਸੀ.. ਪਰ ਪਿਛਲੇ ਦੋ ਸਾਲਾਂ ਤੋਂ ਝਾੜ ਘੱਟਣ ਕਰਕੇ ਕੇਵਲ 20 ਤੋਂ 30 ਬੋਰੇ ਹੀ ਰਹਿ ਗਿਆ! ਬਹੁਤ ਨੁਕਸਾਨ ਹੋ ਗਿਆ…ਕਰਜ਼ਾ ਕਿਵੇਂ ਮੋੜਾਂਗਾ ? ਐਤਕੀਂ ਤਾਂ ਹਾੜ੍ਹੀ ਦੀ ਫਸਲ ਪੱਕਣ ਵੇਲੇ ਵੀ ਗੜੇਮਾਰ ਹੋ ਗਈ, ਗਿੱਲੀ ਹੋਈ ਸਾਰੀ ਕਣਕ ਹਨੇਰੀ ਨਾਲ ਵਿਛ ਗਈ !

**ਸ਼ਿਵ:** ਮੈਂ ਵੀ ਇੱਥੇ ਆਪਣੀ ਭੈਣ ਨੂੰ ਮਿਲਣ ਆਇਆ ਸੀ... ਮੇਰੇ ਜੀਜਾ ਜੀ ਵੀ ਇਸੇ ਸਮੱਸਿਆ ਨਾਲ ਦੁਖੀ ਹਨ... ਆਖਿਰ ਅਜਿਹਾ ਹੋ ਕੀ ਗਿਆ ਇਸ ਖੇਤੀ ਨੂੰ ?

**ਗਾਮਾ:** ਸਮਝ ਨਹੀਂ ਆਉਂਦੀ ! ਮੈਂ ਤਾਂ ਖਾਦ ਅਤੇ ਕੀਟਨਾਸ਼ਕ ਵੀ ਪਹਿਲਾਂ ਨਾਲੋਂ ਜ਼ਿਆਦਾ ਵਰਤੇ ਸਨ ...

**ਸ਼ਿਵ:** ਮੈਨੂੰ ਲੱਗਦੈ ਕਿ ਬੀਜ ਨਕਲੀ ਨੇ ...

**ਗਾਮਾ:** ਮੈਂ ਤਾਂ ਸੱਭ ਤੋਂ ਵਧੀਆਂ ਕੁਆਲਟੀ ਦੇ ਬੀਜ ਖ੍ਰੀਦੇ ਸਨ ! ਪਰ ਫਿਰ ਵੀ ਫ਼ਸਲ ਹਰ ਸਾਲ ਘਟ ਰਹੀ ਆ..

**ਸ਼ਿਵ:** ਤਾਂ ਫਿਰ ਮਿੱਟੀ ਦੀ ਕੋਈ ਸਮੱਸਿਆ ਨਾ ਹੋਵੇ ਕਿਤੇ ! ਬਾਕੀਆਂ ਨੂੰ ਵੀ ਤਾਂ ਆ ਰਹੀ ਹੋਵੇਗੀ ਇਹ ਸਮੱਸਿਆ ! ਤੁਸੀਂ ਇਕੱਠੇ ਬੈਠ ਕੇ ਸੋਚ ਕੇ ਕਿਸੇ ਖੇਤੀਬਾੜੀ ਮਾਹਿਰ ਦੀ ਸਲਾਹ ਕਿਉਂ ਨਹੀਂ ਲੈਂਦੇ ?

**ਗਾਮਾ:** ਠੀਕ ਐ ! ਪਰ ਤੁਸੀਂ ਵੀ ਤਾਂ ਖੇਤੀ ਕਰਦੇ ਓ...ਤੁਹਾਨੂੰ ਨਹੀਂ ਆਈ ਕੋਈ ਅਜਿਹੀ ਸਮੱਸਿਆ ?

**ਸ਼ਿਵ:** ਆਈ ਸੀ ! ਮੈਂ ਤਾਂ ਆਪਣੀ ਜ਼ਮੀਨ ਨੂੰ ਮੱਛੀ ਪਾਲਣ ਵਾਲੇ ਟੋਭੇ ਵਿਚ ਬਦਲ ਦਿੱਤਾ...! ਮੈਨੂੰ ਤਾਂ ਇਸ ਨਾਲ ਫਾਇਦਾ ਹੀ ਹੋਇਆ... !

**ਗਾਮਾ:** ਪਰ ਮੈਂ ਕਿਸੇ ਪ੍ਰਕਾਰ ਦਾ ਜੋਖਮ ਮੁੱਲ ਨਹੀਂ ਲੈ ਸਕਦਾ ! ਸੁਣਿਆ ਹੈ ਕਿ ਮੱਛੀ ਪਾਲਣ ਵੀ ਟਿਕਾਊ ਨਹੀਂ ! ਮੈਂ ਖੇਤੀ ਨਹੀਂ ਛੱਡ ਸਕਦਾ... ਹਾਂ ਪਰ, ਖੇਤੀ ਦੀ ਸਮੱਸਿਆ ਦੇ ਹੱਲ ਲਈ ਮਾਹਿਰਾਂ ਦੀ ਸਲਾਹ ਜਰੂਰ ਲਵਾਂਗਾ...!

**ਸ਼ਿਵ:** ਠੀਕ ਏ ! ਹਨ੍ਹੇਰਾ ਹੋ ਰਿਹਾ ਹੈ... ਮੈਂ ਪਿੰਡ ਵੀ ਪਹੁੰਚਣਾ ਏ.. ਹੁਣ ਮੈਂ ਚਲਦਾਂ !

**ਗਾਮਾ:** ਹਾਂ ਠੀਕ ਹੈ ! ਮੈਂ ਵੀ ਘਰ ਮੁੜਨਾ ਹੈ !

**(ਦ੍ਰਿਸ਼ ਬਦਲਾਅ ਸੰਗੀਤ)**

**ਦ੍ਰਿਸ਼ 2**

**ਗਾਮਾ:** ਵਸੁਧਾ.. ਓ ਵਸੁਧਾ.. ਕੀ ਕਰ ਰਹੀ ਏਂ ?

**ਵਸੁਧਾ:** ਰਸੋਈ ਵਿਚ ਹਾਂ...! ਆਈ......! ਸਬਰ ਕਰ ਜਰਾ...!

**ਗਾਮਾ:** ਸਵੇਰ ਦੇ ਅੱਠ ਵੱਜ ਚੁੱਕੇ ਨੇ... ਪ੍ਰਿਥੀ ਤੇ ਸੁਰਜੀਤ ਕਿੱਥੇ ਨੇ...? ਅਜੇ ਤੱਕ ਉੱਠੇ ਨੇ ਜਾਂ ਨਹੀਂ...?

**ਵਸੁਧਾ:** ਘੰਟਾ ਹੋ ਗਿਆ, ਦੋਵੇਂ ਉੱਠੇ ਹੋਏ ਨੇ... ਬਸ! ਤੁਸੀਂ ਹੀ ਲੇਟ ਹੋ ਗਏ.. ਪ੍ਰਿਥੀ ਅਖ਼ਬਾਰ ਪੜ੍ਹ ਰਿਹਾ ਐ... ਤੇ ਸੁਰਜੀਤ ਮੱਝਾਂ ਨੂੰ ਕੱਖ ਪਾ ਰਹੀ ਆ... ਮੈਂ ਚਾਹ ਬਣਾਈ ਹੈ...! ਸੰਗ੍ਰਾਂਦ ਦਾ ਤਿਉਹਾਰ ਆਉਣ ਵਾਲਾ ਏ.. ਬੱਚੇ ਨਵੇਂ ਕੱਪੜੇ ਮੰਗ ਰਹੇ ਨੇ...!

**ਗਾਮਾ:** ਮੈਨੂੰ ਪਤਾ ਹੈ ਭਲੀਏ ਲੋਕੇ ! ਪਰ ਕੀ ਕਰਾਂ ? ਮੇਰੇ ਵੱਸ ਵਿੱਚ ਹੋਵੇ ਕੁੱਝ ਤਾਂ ! ਪਹਿਲਾਂ ਹੀ ਕਰਜ਼ੇ ਵਿਚ ਡੁੱਬੇ ਹੋਏ ਹਾਂ...! ਐਤਕੀਂ ਵੀ ਕੋਈ ਉਮੀਦ ਨਹੀਂ...!

**ਪ੍ਰਿਥੀ:** ਬਾਪੂ, ਮੈਂ ਦੋ ਦਿਨਾਂ ਵਿਚ ਕਾਲਜ ਦੀ ਫੀਸ ਭਰਨੀ ਆ..

**ਸੁਰਜੀਤ:** ਬਾਪੂ, ਮੱਝਾਂ ਨੂੰ ਪਾਲਣਾ ਔਖਾ ਹੁੰਦਾ ਜਾ ਰਿਹਾ... ਕੱਖ ਮਿਲਦੇ ਨਹੀਂ ...! ਪਰਿਵਾਰ ਦੀਆਂ ਜਰੂਰੀ ਲੋੜਾਂ ਵਾਸਤੇ ਵੀ ਆਮਦਨ ਦਾ ਕੋਈ ਸਾਧਨ ਨਹੀਂ...!

**ਗਾਮਾ:** ਚਲੋ ! ਹੋਰ ਕਰਜ਼ਾ ਲੈਣ ਦੀ ਕੋਸ਼ਿਸ਼ ਕਰਦੇ ਹਾਂ... ਸ਼ਿਵ ਮਿਲਿਆ ਸੀ ! ਕਹਿੰਦਾ ਸੀ ਕਿ ਉਸਨੇ ਤਾਂ

ਆਪਣਾ ਖੇਤ ਮੱਛੀ ਪਾਲਣ ਵਾਲੇ ਟੋਭੇ ਵਿੱਚ ਬਦਲ ਦਿੱਤਾ ਹੈ ! ਅਤੇ ਉਸ ਤੋਂ ਬਹੁਤ ਮੁਨਾਫ਼ਾ ਕਮਾਇਆ ਹੈ...!

**ਵਸੁਧਾ:** ਮੈਨੂੰ ਨਹੀਂ ਲੱਗਦਾ ਕਿ ਭਵਿੱਖ ਦੇ ਲਈ ਇਹ ਠੀਕ ਰਹੇਗਾ.. ਅਜਿਹਾ ਕੋਈ ਵੀ ਵੱਡਾ ਫੈਸਲਾ ਲੈਣ ਤੋਂ ਪਹਿਲਾਂ ਸਾਨੂੰ ਨਿੱਠ ਕੇ ਵਿਚਾਰ ਕਰ ਲੈਣਾ ਚਾਹੀਦਾ ਏ...!

**ਸੁਰਜੀਤ:** ਮਾਂ ਠੀਕ ਕਹਿ ਰਹੀ ਹੈ ਬਾਪੂ... ਸਾਨੂੰ ਮਾਹਿਰਾਂ ਦੀ ਸਲਾਹ ਲੈਣੀ ਚਾਹੀਦੀ ਹੈ...!

**ਗਾਮਾ:** ਸੁਰਜੀਤ, ਤੂੰ ਤਾਂ ਖੇਤੀ ਵਿਗਿਆਨ ਦੀ ਪੜ੍ਹਾਈ ਕਰ ਰਹੀ ਏਂ। ਕੀ ਤੁਹਾਨੂੰ ਭੂਮੀ ਵਰਤੋਂ ਦੇ ਕਿਸੇ ਨਵੇਂ ਤਰੀਕੇ ਦੇ ਬਾਰੇ ਕੁਝ ਪੜ੍ਹਾਇਆ ਐ...?

**ਸੁਰਜੀਤ:** ਹਾਂ ਬਾਪੂ ! ਸਾਡੇ ਪ੍ਰੋਫ਼ੈਸਰ ਸਾਨੂੰ ਖੇਤੀ ਅਤੇ ਭੂਮੀ ਉਪਯੋਗ ਦੇ ਕਈ ਪਹਿਲੂਆਂ 'ਤੇ ਵਿਹਾਰਕ ਗਿਆਨ ਦਿੰਦੇ ਹਨ... ਕੱਲ੍ਹ ਅਸੀਂ ਜੈਵਿਕ ਖੇਤੀ ਅਤੇ ਭੂਮੀ ਪ੍ਰਬੰਧਨ ਬਾਰੇ ਸਿੱਖਣ ਵਾਸਤੇ, ਭਗਤ ਪੂਰਨ ਸਿੰਘ ਪਿੰਗਲਵਾੜਾ ਮਾਨਾਵਾਲੇ (ਅੰਮ੍ਰਿਤਸਰ) ਜਾ ਰਹੇ ਹਾਂ ! ਪ੍ਰੋਫ਼ੈਸਰ ਹਰਵਿੰਦਰ ਕੌਰ ਸਾਡੇ ਨਾਲ ਜਾ ਰਹੇ ਹਨ.. ਉਹ ਕਈ ਚੀਜ਼ਾਂ ਦੀ ਵਿਆਖਿਆ ਕਰਨਗੇ...!

**ਗਾਮਾ:** ਇਹ ਤਾਂ ਬਹੁਤ ਵਧੀਆ ਹੈ ਸੁਰਜੀਤ...! ਮੈਨੂੰ ਤਾਂ ਜੈਵਿਕ ਖੇਤੀ ਦੇ ਬਾਰੇ ਬਹੁਤਾ ਪਤਾ ਨਹੀਂ... ! ਪਰ ਤੂੰ ਚੰਗੀ ਤਰ੍ਹਾਂ ਸਮਝ ਲਈਂ ਪੁੱਤ!

**ਵਸੁਧਾ:** ਇਨ੍ਹਾਂ ਵਿਸ਼ਿਆਂ 'ਤੇ ਰੇਡੀਓ ਪ੍ਰੋਗਰਾਮਾਂ ਵਿੱਚ ਬਹੁਤ ਚੰਗੀ ਜਾਣਕਾਰੀ ਦਿੱਤੀ ਜਾਂਦੀ ਹੈ !

**(ਦ੍ਰਿਸ਼ ਬਦਲਾਅ ਸੰਗੀਤ)**

**ਦ੍ਰਿਸ਼:3**

ਬੱਸ ਰੁਕਣ ਦੀ ਆਵਾਜ਼... ਸਵੇਰ ਦੇ 10 ਵੱਜੇ ਹਨ... ਮਾਨਾਵਾਲਾ... ਪ੍ਰੋਫ਼ੈਸਰ ਹਰਵਿੰਦਰ ਕੌਰ ਤੇ ਖੇਤੀ ਵਿਗਿਆਨ ਦੇ ਵਿਦਿਆਰਥੀ ਬੱਸ ਤੋਂ ਉਤਰ ਰਹੇ ਹਨ... ਹਰਜੀਤ ਸਿੰਘ, ਪ੍ਰਬੰਧਕ, ਭਗਤ ਪੂਰਨ ਸਿੰਘ ਪਿੰਗਲਵਾੜਾ, ਜੈਵਿਕ ਖੇਤੀ ਫਾਰਮ ਮਾਨਾਵਾਲਾ, ਮੌਜੂਦ ਹਨ... ਕੁਝ ਸੇਵਕ ਵਿਦਿਆਰਥੀਆਂ ਨੂੰ ਲੈਣ ਪਹੁੰਚਦੇ ਹਨ..

**ਹਰਵਿੰਦਰ ਕੌਰ:** ਸੰਭਲ ਕੇ ਉਤਰੋ.. ਆਪਣੀ ਰੋਟੀ ਦੇ ਡੱਬੇ ਨਾਲ ਲੈ ਆਉ.. ਸਾਰਿਆਂ ਨੂੰ ਸ਼ੁਭ ਪ੍ਰਭਾਤ!

**ਹਰਜੀਤ ਸਿੰਘ :** ਸੱਤ ਸ੍ਰੀ ਅਕਾਲ ਪ੍ਰੋਫ਼ੈਸਰ ਸਾਹਿਬ... ਮੈਂ ਹਰਜੀਤ, ਜੈਵਿਕ ਖੇਤੀ ਫਾਰਮ ਦਾ ਪ੍ਰਬੰਧਕ... ਮੈਨੂੰ ਬਹੁਤ ਖੁਸ਼ੀ ਹੈ ਕਿ ਤੁਸੀਂ ਸਾਡੇ ਫਾਰਮ ਦੀ ਅਧਿਐਨ ਯਾਤਰਾ 'ਤੇ ਆਏ ਹੋ ...ਅਸੀਂ ਇੱਥੇ ਜੈਵਿਕ ਖੇਤੀ ਕਰਦੇ ਹਾਂ.. ਇਹ ਬਹੁਤ ਸਫ਼ਲ ਸਿੱਧ ਹੋ ਰਹੀ ਹੈ... ਪੈਦਾਵਾਰ ਵੀ ਚੰਗੀ ਹੋ ਰਹੀ ਏ.. ! ਫਾਰਮ 'ਤੇ ਮੈਂ ਤੁਹਾਨੂੰ ਜੈਵਿਕ ਖੇਤੀ ਰਾਹੀਂ ਤਿਆਰ ਅਲੱਗ – ਅਲੱਗ ਪ੍ਰਕਾਰ ਦੀਆਂ ਫਸਲਾਂ ਵਿਖਾਵਾਂਗਾ...

**ਹਰਵਿੰਦਰ ਕੌਰ:** ਮੈਨੂੰ ਲੱਗਦਾ ਏ ਕਿ ਸਾਨੂੰ ਜੈਵਿਕ ਖੇਤੀ ਵੇਖਣ ਜਾਣ ਤੋਂ ਪਹਿਲਾਂ ਭੂਮੀ ਉਪਯੋਗ ਬਾਬਤ ਚਰਚਾ ਕਰ ਲੈਣੀ ਚਾਹੀਦੀ ਏ.. ਸਹੀ ਹੈ ਨਾ...!

**ਵਿਦਿਆਰਥੀ:** ਬਿਲਕੁਲ ਠੀਕ.. ਮੈਡਮ ! ਸਮਝਾਉ... ਸਾਨੂੰ ਹੁਣ ਤੁਸੀਂ, ਨਵੀਆਂ ਗੱਲਾਂ ਭੂਮੀ ਉਪਯੋਗ ਬਾਬਤ !

**ਹਰਵਿੰਦਰ ਕੌਰ:** ਜ਼ਮੀਨ ਇਕ ਦੁਰਲੱਭ ਕੁਦਰਤੀ ਸਾਧਨ ਹੈ... ਵਿਹਾਰਕ ਉਦੇਸ਼ਾਂ ਲਈ ਉਪਲਬਧ ਜ਼ਮੀਨ ਨੂੰ ਉਪਯੋਗ ਦੇ ਅਧਾਰ 'ਤੇ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ...! ਕੀ ਕੋਈ ਦੱਸੇਗਾ ਕਿ ਕਿਹੜੇ ਹਨ ਉਹ ਦੋ ਭਾਗ ?

**ਸੁਰਜੀਤ:** ਮੈਡਮ ! ਖੇਤੀਯੋਗ ਭੂਮੀ ਤੇ ਗ਼ੈਰ-ਖੇਤੀਯੋਗ ਭੂਮੀ...!

**ਹਰਵਿੰਦਰ ਕੌਰ:** ਬਿਲਕੁਲ ਠੀਕ ! ਖੇਤੀ ਉਤਪਾਦਨ, ਜਾਂ ਪਸ਼ੂਧਨ, ਲਈ ਵਰਤੀ ਜਾਣ ਵਾਲੀ ਭੂਮੀ ਨੂੰ ਖੇਤੀਯੋਗ ਭੂਮੀ ਕਹਿੰਦੇ ਹਨ! ਗ਼ੈਰ-ਖੇਤੀਯੋਗ ਭੂਮੀ ਵਿਚ ਜੰਗਲ, ਸਥਾਈ ਚਾਰਾਗਾਹਾਂ, ਹੋਰ ਗ਼ੈਰ-ਖੇਤੀ ਉਪਯੋਗ ਜਿਵੇਂ ਕਸਬੇ, ਪਿੰਡ, ਸੜਕਾਂ, ਰੇਲਵੇ ਆਦਿ ਹੇਠਲੀ ਭੂਮੀ ਸ਼ਾਮਲ ਹੁੰਦੀ ਹੈ...ਕੀ ਕੋਈ ਇਸ ਤਰ੍ਹਾਂ ਦੇ ਹੋਰ ਉਪਯੋਗ ਦੱਸ ਸਕਦਾ ਹੈ?

**ਸੁਰਜੀਤ:** ਬੰਜਰ ਭੂਮੀ, ਪਹਾੜ ਤੇ ਰੇਗੀਸਤਾਨੀ ਖੇਤਰਾਂ ਦੀ ਭੂਮੀ...!

**ਹਰਵਿੰਦਰ ਕੌਰ:** ਠੀਕ! ਸਾਡੇ ਦੇਸ਼ ਦੇ ਕੁੱਲ ਖੇਤਰ ਦਾ 50% ਤੋਂ ਜ਼ਿਆਦਾ ਖੇਤੀਯੋਗ ਭੂਮੀ ਹੈ.. ਭੂਮੀ ਉਪਯੋਗ ਦੀਆਂ ਵਿਧੀਆਂ ਸਮੇਂ ਦੇ ਨਾਲ-ਨਾਲ ਬਦਲ ਗਈਆਂ! ਅਧੁਨਿਕ ਵਿਧੀਆਂ ਨਾਲ ਭੌਤਿਕ ਸੁੱਖਾਂ ਵਿਚ ਤਾਂ ਵਾਧਾ ਹੋ ਰਿਹਾ ਏ... ਪਰ ਲੰਬੇ ਦੌਰ ਵਿੱਚ ਇਹ ਵਿਧੀਆਂ ਕਈ ਕੁਦਰਤੀ ਪ੍ਰਸਥਿਤਿਕੀ ਤੰਤਰ ਸੇਵਾਵਾਂ ਨੂੰ ਕਮਜ਼ੋਰ ਕਰ ਸਕਦੀਆਂ ਹਨ..

**ਸੁਰਜੀਤ:** ਤਾਂ ਫਿਰ ਭੂਮੀ ਪ੍ਰਬੰਧਨ ਕਰੀਏ ਕਿਵੇਂ ਮੈਡਮ ?

**ਹਰਵਿੰਦਰ ਕੌਰ:** ਸਥਾਈ ਭੂਮੀ ਪ੍ਰਬੰਧਨ ਦੇ ਲਈ ਭੂਮੀ, ਪਾਣੀ, ਜੈਵ-ਵੰਨ ਸੁਵੰਨਤਾ ਤੇ ਵਾਤਾਵਰਨ ਪ੍ਰਬੰਧਨ ਦਾ ਏਕੀਕਰਨ ਜਰੂਰੀ ਹੈ !

**ਵਿਦਿਆਰਥੀ:** ਮੈਡਮ, ਤੁਸੀਂ ਜੈਵਿਕ ਖੇਤੀ ਬਾਰੇ ਦੱਸਣ ਦਾ ਵਾਅਦਾ ਕੀਤਾ ਸੀ..

**ਹਰਵਿੰਦਰ ਕੌਰ:** ਹਾਂ, ਅਸੀਂ ਇੱਥੇ ਜੈਵਿਕ ਖੇਤੀ ਵਾਲੇ ਪਿੰਗਲਵਾੜਾ ਫਾਰਮ ਦੇ ਚਾਰੇ ਪਾਸੇ ਜਾਵਾਂਗੇ ਅਤੇ ਝੋਨੇ ਤੋਂ ਬਿਨਾ ਸਬਜ਼ੀਆਂ ਤੇ ਫ਼ਸਲਾਂ ਦੀਆਂ ਕਿਸਮਾਂ ਵੇਖਾਂਗੇ...! ਇੱਕ ਵੱਜਿਐ.. ਤੁਸੀਂ ਖਾਣਾ ਖਾ ਲਉ...!

**ਪ੍ਰਬੰਧਕ:** ਇੱਥੇ ਬੈਠੋ ਤੇ ਖਾਣਾ ਖਾਉ.. ਪੀਣ ਦਾ ਪਾਣੀ ਵੀ ਹੈ ਇੱਥੇ ਹੀ...!

**(ਵਿਦਿਆਰਥੀ ਅਤੇ ਬਾਕੀ ਲੋਕ ਖਾਣਾ ਖਾਂਦੇ ਹਨ.. ਖਾਣਾ ਖਾਣ ਨਾਲ ਜੁੜੀਆਂ ਆਵਾਜ਼ਾਂ)**

**ਹਰਵਿੰਦਰ ਕੌਰ:** ਹਰਜੀਤ ਸਿੰਘ ਜੀ, ਅਸੀਂ ਰੋਟੀ ਖਾ ਲਈ.. ਚੱਲੋ ਹੁਣ ਫਾਰਮ ਵੱਲ ਚਲਦੇ ਹਾਂ...!

**ਹਰਜੀਤ:** ਸਾਰੇ ਮੇਰੇ ਨਾਲ ਆਉ... ਸਭ ਕੁਝ ਧਿਆਨ ਨਾਲ ਦੇਖਦੇ ਜਾਉ... ਇਹ ਝੋਨੇ ਦੇ ਖੇਤ ਹਨ... ਫ਼ਸਲ ਕਟਾਈ ਲਈ ਤਿਆਰ ਹੈ... ਉੱਧਰ ਦੇਖੋ... ਇਹ ਫਲਦਾਰ ਬੂਟੇ ਨੇ... ਇਧਰ... ਇਹ ਬੈਂਗਣ ਨੇ... ਇਹ ਟਮਾਟਰ ਨੇ ...

**ਸੁਰਜੀਤ:** ਕੀ, ਇਹ ਸਾਰੀਆਂ ਜੈਵਿਕ ਫਸਲਾਂ ਨੇ ?

**ਹਰਜੀਤ:** ਹਾਂ ਬੇਟੀ ! ਇੱਥੇ ਸਾਰੀਆਂ ਫ਼ਸਲਾਂ ਤੇ ਰੁੱਖ ਜੈਵਿਕ ਖੇਤੀ ਪ੍ਰਣਾਲੀ ਤਹਿਤ ਹੀ ਉਗਾਏ ਜਾਂਦੇ ਹਨ...!

**ਹਰਜੀਤ:** ਕੀ ਤੁਸੀਂ ਪੱਤੇਦਾਰ ਸਬਜ਼ੀਆਂ ਵੀ ਬੀਜਦੇ ਹੋ ?

**ਹਰਜੀਤ:** ਹਾਂ ! ਆਹ ਕੜ੍ਹੀ ਪੱਤਾ ਹੈ ! ਆਹ ਪਾਲਕ ! ਆਹ ਚਲਾਈ ਤੇ ਆਹ ਬਾਥੂ !

**ਵਿਦਿਆਰਥੀ:** ਇਹ ਜੈਵਿਕ ਖੇਤੀ ਸਾਡੀਆਂ ਆਧੁਨਿਕ ਖੇਤੀ ਵਿਧੀਆਂ ਤੋਂ ਅਲੱਗ ਕਿਵੇਂ ਹੈ...?

**ਹਰਜੀਤ:** ਇਸ ਵਿਚ ਕੀਟਨਾਸ਼ਕਾਂ, ਖਾਦਾਂ, ਗੁਣ-ਸੂਤਰ ਬਦਲਾਅ ਵਾਲੇ ਬੀਜ, ਐਂਟੀਬਾਉਟਿਕ ਅਤੇ ਹਾਰਮੋਨ ਦੀ ਵਰਤੋਂ ਨਹੀਂ ਕੀਤੀ ਜਾਂਦੀ..

**ਵਿਦਿਆਰਥੀ:** ਬਿਨਾਂ ਕੀਟਨਾਸ਼ਕ ਵਰਤੇ ਚੋਖਾ ਝਾੜ ਕਿਵੇਂ ਮਿਲੇਗਾ ?

**ਹਰਵਿੰਦਰ ਕੌਰ:**ਫ਼ਸਲਾਂ ਦੀ ਰਹਿੰਦ-ਖੂੰਹਦ, ਜਾਨਵਰਾਂ ਦਾ ਮਲ ਮੂਤਰ ਤੇ ਬਚਿਆ-ਖੁਚਿਆ ਚਾਰਾ ਆਦਿ ਵਰਤ ਕੇ

ਮਿੱਟੀ ਜੀਵਿਤ ਤੇ ਉਪਜਾਊ ਰੱਖੀ ਜਾਂਦੀ ਹੈ! ਇਨ੍ਹਾਂਦੀ ਮੱਦਦ ਨਾਲ ਫ਼ਸਲ ਵਿਚ ਪੋਸ਼ਕ ਤੱਤ ਪਹੁੰਚਾਏ ਜਾਂਦੇ ਹਨ...!

**ਵਿਦਿਆਰਥੀ:** ਇਹ ਤਾਂ ਠੀਕ ਏ ਮੈਡਮ ! ਪਰ ਕੀਟਨਾਸ਼ਕਾਂ ਦੇ ਬਗੈਰ ਕੀਟਾਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਏ...?

**ਹਰਵਿੰਦਰ ਕੌਰ:** ਜੈਵਿਕ ਖੇਤੀ ਵਿਚ ਕੀਟ ਤੇ ਬਿਮਾਰੀਆਂ ਆਦਿ ਨੂੰ ਕਾਬੂ ਕਰਨ ਲਈ ਪ੍ਰਤੀਰੋਧੀ ਫ਼ਸਲਾਂ ਬੀਜਦੇ ਹਾਂ ! ਬਦਲਵੀਆਂ ਫਸਲਾਂ ਦੇ ਚੱਕਰ ਦੀ, ਕੀਟ-ਭੱਖੀ ਸ਼ਿਕਾਰੀਆਂ ਦੀ, ਗੁਣ-ਸੂਤਰੀ ਵੰਨ ਸੁਵੰਨਤਾ ਅਤੇ ਕੁਦਰਤੀ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ...

**ਵਿਦਿਆਰਥੀ:** ਜੈਵਿਕ ਖੇਤੀ ਦੇ ਫਾਇਦੇ ਕੀ ਨੇ ?

**ਹਰਵਿੰਦਰ:** ਜੈਵਿਕ ਖੇਤੀ ਮਿੱਟੀ ਦੇ ਪੋਸ਼ਕ ਤੱਤਾਂ ਨੂੰ ਵਧਾਉਂਦੀ ਹੈ... ਜਿਹੜੇ ਪੌਦਿਆਂ ਤੇ ਜਾਨਵਰਾਂ ਤੱਕ ਪਹੁੰਚਦੇ ਨੇ... ਜ਼ਹਿਰੀਲੇ ਰਸਾਇਣ, ਕੀਟਨਾਸ਼ਕ ਆਦਿ ਦੀ ਵਰਤੋਂ ਨਾ ਹੋਣ ਕਰਕੇ ਉਨ੍ਹਾਂ ਕਾਰਨ ਹੋਣ ਵਾਲੀਆਂ ਬਿਮਾਰੀਆਂ ਘੱਟ ਜਾਂਦੀਆਂ ਹਨ...! ਸਆਦ ਵਧੀਆ ਹੁੰਦਾ ਹੈ...!

**ਵਿਦਿਆਰਥੀ:** ਖਰਚਾ ਕਿੰਨਾ ਕੁ ਹੁੰਦਾ ਹੈ ?

**ਹਰਜੀਤ:** ਅਸੀਂ ਕੇਵਲ ਜੈਵਿਕ ਖਾਦਾਂ ਵਰਤਦੇ ਹਾਂ, ਏਕੀਕ੍ਰਿਤ ਕੀਟ ਪ੍ਰਬੰਧਣ ਤਹਿਤ ਕੀਟਾਂ ਤੇ ਰੋਗਾਂ ਦੇ ਜੈਵਿਕ ਨਿਯੰਤਰਨ ਨੂੰ ਅਪਣਾਉਣ ਕਰਕੇ ਖਰਚਾ ਬਹੁਤ ਘੱਟ ਜਾਂਦਾ ਹੈ; ਇਨ੍ਹਾਂ ਉਤਪਾਦਾਂ ਦੀ ਮੰਗ ਕਾਫੀ ਹੁੰਦੀ ਹੈ...!

**ਹਰਵਿੰਦਰ ਕੌਰ** : ਸ਼ਾਮ ਦੇ 5 ਵਜ ਗਏ... ਹੁਣ ਸਾਨੂੰ ਜਾਣਾ ਚਾਹੀਦਾ ਏ...!

**ਹਰਜੀਤ:** ਥੋੜ੍ਹਾ ਰੁਕੋ ਮੈਡਮ...! ਤੁਹਾਡੇ ਲਈ ਇਸ ਫਾਰਮ ਦੇ ਕੁਝ ਫਲ ਆ ਰਹੇ ਨੇ ! ਕੇਲੇ ਤੇ ਪਪੀਤੇ ਨੂੰ ਖਾ ਕੇ ਵੇਖੋ...! ਵੇਖੋ ! ਇਸ ਦਾ ਸਵਾਦ ਕਿਹੋ ਜਿਹਾ ਹੈ ?

**ਹਰਵਿੰਦਰ ਕੌਰ ਅਤੇ ਵਿਦਿਆਰਥੀ:** ਹਾਏ ਕਿੰਨਾ ਸਵਾਦ...! ਬਹੁਤ-ਬਹੁਤ ਧੰਨਵਾਦ ਜੀ...! ਹੁਣ ਅਸੀਂ ਚੱਲਦੇ ਹਾਂ...!

**(ਬੱਸ ਦੇ ਚੱਲਣ ਦੀ ਆਵਾਜ਼...)**

**(ਦ੍ਰਿਸ਼ ਬਦਲਾਅ ਸੰਗੀਤ)**

**ਦ੍ਰਿਸ਼ 4**

**(ਗਾਮੇ ਦਾ ਘਰ, ਚਰਚਾ ਹੋ ਰਹੀ ਹੈ ਜੰਗਲੀ ਜਾਨਵਰਾਂ ਦੀ ਸਮੱਸਿਆ 'ਤੇ )**

**ਗਾਮਾ:** ਮਨੁੱਖ ਲਗਾਤਾਰ ਜੰਗਲਾਂ ਦੀ ਕਟਾਈ ਕਰ ਰਿਹਾ ਏ.. ਆਪਣੇ ਵਿਕਾਸ ਕਾਰਜਾਂ ਦੇ ਚੱਲਦੇ ਅਸੀਂ ਜੰਗਲੀ ਜਾਨਵਰਾਂ ਦੇ ਰੈਣ ਬਸੇਰਿਆਂ ਨੂੰ ਤਬਾਹ ਕਰ ਦਿੱਤਾ ਏ...!

**ਪ੍ਰਿਥੀ:**ਚੌੜੀਆਂ ਸੜਕਾਂ, ਰੇਲ ਪਟੜੀਆਂ, ਬੰਨ੍ਹ, ਨਹਿਰਾਂ, ਉੱਚੇ ਪੁਲ ਆਦਿ ਦੇ ਨਿਰਮਾਣ ਲਈ ਧੜਾ ਧੜ ਜੰਗਲ ਕੱਟੇ ਜਾ ਰਹੇ ਹਨ!

**ਗਾਮਾ:** ਰੁੱਖਾਂ ਦੀ ਕਟਾਈ ਦੇ ਕਾਰਨ ਕੁਦਰਤੀ ਸੰਤੁਲਣ ਵਿਗੜ ਰਿਹੈ... ਜ਼ਮੀਨ ਦੀ ਵਰਤੋਂ ਬਦਲ ਰਹੀ ਹੈ ! ਜੰਗਲੀ ਜੀਵਾਂ ਦੇ ਰੈਣ ਬਸੇਰੇ ਖੁੱਸ ਜਾਣ ਕਰਕੇ ਮਨੁੱਖਾਂ ਅਤੇ ਜੰਗਲੀ ਪਸ਼ੂਆਂ ਵਿਚਕਾਰ ਟਕਰਾਅ ਪੈਦਾ ਹੋ ਰਿਹਾ ਹੈ... ਆਪਸੀ ਸੰਘਰਸ਼ ਵਧਦਾ ਜਾ ਰਿਹੈ...!

**ਪ੍ਰਿਥੀ**: ਹਾਂ ਟਕਰਾ ! ਕਿਉਂਕਿ ਦੋਵਾਂ ਨੂੰ ਅਕਸਰ ਇਕੋ ਜਿਹੇ ਕੁਦਰਤੀ ਸਾਧਨਾਂ ਦੀ ਲੋੜ ਹੁੰਦੀ ਹੈ.. ਤੇਂਦੂਏ ਭਟਕ ਕੇ ਮਨੁੱਖੀ ਬਸਤੀਆਂ ਵਿਚ ਆ ਜਾਂਦੇ ਹਨ...

**ਵਸੁਧਾ**:ਰੂਪਨਗਰ, ਗੜ੍ਹ ਸ਼ੰਕਰ, ਹੁਸ਼ਿਆਰਪੁਰ ਦੇ ਪਿੰਡਾਂ ਵਿੱਚ ਜੰਗਲੀ ਜਾਨਵਰਾਂ ਦੇ ਹਮਲਿਆਂ ਬਾਰੇ ਸੁਣਦੇ ਰਹਿੰਦੇ ਹਾਂ!

**ਗਾਮਾ**: ਨੀਲ ਗਊਆਂ ( ਰੋਝ ) ਤੇ ਜੰਗਲੀ ਸੂਰ ਫਸਲ ਦਾ ਉਜਾੜਾ ਕਰਦੇ ਆਮ ਹੀ ਨਜ਼ਰ ਆਉਂਦੇ ਨੇ !

**ਸੁਰਜੀਤ**: ਆਹੋ ਬਾਪੂ ! ਸੰਗਰੂਰ ਦੀ ਮੂਨਕ ਤੇ ਲੈਹਰਾ ਗਾਗਾ ਤਹਿਸੀਲ ਅਤੇ ਮਾਨਸਾ ਜਿਲ੍ਹੇ ਦੀ ਬੁਡਲਾਡਾ ਤਹਿਸੀਲ ਦੇ ਕਿਸਾਨਾਂ ਦਾ ਤਾਂ ਇਨ੍ਹਾਂ ਨੀਲ ਗਊਆਂ ਤੇ ਜੰਗਲੀ ਸੂਰਾਂ ਨੇ ਨੱਕ ਵਿੱਚ ਦਮ ਕਰ ਛੱਡਿਆ ਹੈ !

**ਗਾਮਾ**:ਕਈ ਥਾਂ ਵਿਸ਼ੇਸ਼ ਕਰਕੇ ਲੈਹਰਾ ਗਾਗਾ ਤੇ ਚੰਡੀਗੜ੍ਹ ਦੇ ਦੁਆਲੇ ਤਾਂ ਬਾਂਦਰਾਂ ਦੀ ਸਮੱਸਿਆ ਵੀ ਬਹੁਤ ਵੱਡੀ ਆ !

**ਪ੍ਰਿਥੀ**: ਪੰਜਾਬ ਦੀ ਕਿਸਾਨੀ ਦੇ ਆਰਥਕ ਸੰਕਟ ਕਾਰਨ 2014 ਵਿੱਚ ਤਾਂ ਜੰਗਲਾਤ ਵਿਭਾਗ ਨੇ ਉਨ੍ਹਾਂ ਦੀਆਂ ਫਸਲਾਂ ਬਚਾਉਣ ਵਾਸਤੇ ਕਿਸਾਨਾਂ ਨੂੰ ਇਨ੍ਹਾਂ ਉਜਾੜਾ ਕਰਨ ਵਾਲੇ ਜੰਗਲੀ ਜਾਨਵਰਾਂ ਨੂੰ ਮਾਰਨ ਦੀ ਖੁੱਲ੍ਹ ਦੇਣ ਦੀ ਤਜਵੀਜ ਵੀ ਪੇਸ਼ ਕੀਤੀ ਸੀ ! ਪਰ ਮਨਜੂਰ ਨਹੀਂ ਹੋਈ !

**ਵਸੁਧਾ** : ਇਹ ਤਾਂ ਬੜੀ ਮਾੜੀ ਗੱਲ ਐ ! ਕਿਸਾਨ ਕੀ ਕਰਨ ?

**ਸੁਰਜੀਤ** : ਮਾਂ ! ਫਸਲਾਂ ਦੇ ਵੱਧਦੇ ਉਜਾੜੇ ਨੂੰ ਵੇਖਦੇ ਹੋਏ ਹੁਣ ਆਹ 15 ਜੁਲਾਈ ਨੂੰ ਪੰਜਾਬ ਸਰਕਾਰ ਨੇ ਇਹ ਤਜਵੀਜ ਮਨਜੂਰ ਕਰ ਲਈ ਹੈ !

**ਪ੍ਰਿਥੀ**: ਜੀਵ ਵਿਗਿਆਨ ਦੇ ਸਾਡੇ ਪ੍ਰੋਫ਼ੈਸਰ ਆਖ ਰਹੇ ਸਨ ਕਿ ਕਈ ਕਿਸਮ ਦੇ ਜਾਨਵਰ ਅਲੋਪ ਹੋ ਰਹੇ ਹਨ... ਸਾਡੇ ਇੱਥੇ ਵੀ ਚਿੜੀਆਂ ਹੁਣ ਦੇਖਣ ਨੂੰ ਵੀ ਨਹੀਂ ਮਿਲਦੀਆਂ ! ਵਣ-ਜੀਵਾਂ ਦੀ ਸੁਰੱਖਿਆ ਦੇ ਮੱਦੇ ਨਜ਼ਰ ਪਹਿਲੀ ਤਜਵੀਜ ਕੀਤੀ ਗਈ ਸੀ ਰੱਦ !

**ਸੁਰਜੀਤ**: ਆਹੋ ! ਜਾਨਵਰਾਂ, ਪੌਦਿਆਂ ਅਤੇ ਹੋਰ ਜੀਵਾਂ ਦੀਆਂ ਕਈ ਪ੍ਰਜਾਤੀਆਂ ਅਲੋਪ ਵੀ ਤਾਂ ਹੋ ਰਹੀਆਂ ਹਨ...

**ਗਾਮਾ**: ਜੈਵ-ਵੰਨ ਸੁਵੰਨਤਾ ਤੇਜ਼ੀ ਨਾਲ ਘਟ ਰਹੀ ਏ..

**ਵਸੁਧਾ**: ਇਕ ਰੇਡੀਓ ਵਾਰਤਾ ਦੌਰਾਨ ਕੁਦਰਤੀ ਪ੍ਰਕਿਰਿਆਵਾਂ ਵਿੱਚ ਜੈਵ- ਵੰਨ ਸੁਵੰਨਤਾ ਦੀ ਅਹਿਮੀਅਤ ਬਾਰੇ ਬਹੁਤ ਵਧੀਆ ਜਾਣਕਾਰੀ ਦਿੱਤੀ ਗਈ ਸੀ !

**ਪ੍ਰਿਥੀ**: ਹਾਂ.. ਜੈਵ- ਵੰਨ ਸੁਵੰਨਤਾ ਸਾਨੂੰ, ਭੋਜਨ, ਰੇਸ਼ੇ, ਲੱਕੜ, ਊਰਜਾ, ਦਵਾਈਆਂ, ਕੱਚਾ ਮਾਲ, ਇੱਥੋਂ ਤੱਕ ਕਿ ਉਦਯੋਗਿਕੀ ਰਸਾਇਣ ਵੀ ਪ੍ਰਦਾਨ ਕਰਦੀ ਹੈ...! ਪਿੰਡਾਂ ਵਿਚ ਰਹਿੰਦੇ ਗਰੀਬਾਂ ਦੇ ਜੀਵਨ ਤਾਂ ਸਿੱਧੇ ਹੀ ਪ੍ਰਸਥਿਤਿਕੀ ਤੰਤਰ ਤੇ ਜੈਵ- ਵੰਨ ਸੁਵੰਨਤਾ ‘ਤੇ ਨਿਰਭਰ ਹਨ...!

**ਪ੍ਰਿਥੀ**: ਭਾਰਤ ਸਰਕਾਰ ਨੇ ਜੰਗਲੀ ਸੰਸਾਧਨਾਂ ਦੇ ਟਿਕਾਊ ਵਿਕਾਸ ਤੇ ਪ੍ਰਬੰਧਣ ਦੇ ਉਦੇਸ਼ਾਂ ਨਾਲ ਰਾਸ਼ਟਰੀ ਵਣ-ਲਗਾਓ - ਪ੍ਰੋਗਰਾਮ ਸ਼ੁਰੂ ਕੀਤਾ ਹੈ !

**ਸੁਰਜੀਤ** : ਅਤੇ ਜੰਗਲੀ ਜੀਵਾਂ ਦਾ ਕੀ?

**ਪ੍ਰਿਥੀ**: ਜੰਗਲੀ ਜੀਵਾਂ ਦੀ ਸੁਰੱਖਿਆ ਵਾਸਤੇ ਹੈ “ਜੰਗ਼ਲੀ ਜੀਵਣ ਸੁਰੱਖਿਅਣ ਨਿਯਮ 1972... ਇਸੇ ਤਹਿਤ ਜ਼ਮੀਨ ਦੀ ਵਰਤੋਂ ਵਿੱਚ ਬਦਲਾਅ ਕਰਕੇ ਜੰਗਲੀ ਜੀਵ ਪਾਰਕ , ਰੱਖਾਂ ਤੇ ਸੁਰੱਖਿਅਤ ਵਣ ਇਲਾਕੇ ਸਥਾਪਤ ਕੀਤੇ ਗਏ ਹਨ !

**ਸੁਰਜੀਤ:** ਮਾਂ, ਅੱਠ ਵੱਜ ਗਏ ਹਨ.. ਭੁੱਖ ਲੱਗ ਰਹੀ ਆ.. ਚਲੋ ਰੋਟੀ ਖਾਂਦੇ ਹਾਂ..

**ਵਸੁਧਾ:** ਠੀਕ ਐ.. ਮੈਂ ਬਸ 15 ਮਿੰਟਾਂ ਵਿਚ ਖਾਣਾ ਲਗਾਉਂਦੀ ਹਾਂ.. ਚਲ ਆ... ਮੇਰਾ ਹੱਥ ਵਟਾ...!

**(ਦ੍ਰਿਸ਼ ਬਦਲਾਅ ਸੰਗੀਤ)**

**ਦ੍ਰਿਸ਼ 5**

**(ਪੰਚਾਇਤ ਘਰ ਵਿੱਚ ਲੋਕਾਂ ਦਾ ਇਕੱਠ )**

**ਗਾਮਾ:** ਨਮਸਤੇ ਸ਼ਿਵ.. ਨਮਸਤੇ ਬਲਵਿੰਦਰ...! ਵਾਹ ਸਾਰੇ ਦੋਸਤ ਪਹਿਲਾਂ ਹੀ ਪਹੁੰਚ ਚੁੱਕੇ ਹਨ.. ਲੱਗਦਾ ਏ ਤਹਿਸੀਲਦਾਰ ਅਤੇ ਵਿਗਿਆਨੀ ਵੀ ਆ ਗਏ ਹਨ...!

**ਐਲਾਨ:** ਸਾਰਿਆਂ ਨੂੰ ਬੇਨਤੀ ਹੈ ਕਿ ਛੋਟੀਆਂ ਤੇ ਵੱਡੀਆਂ ਸਿੰਚਾਈ ਯੋਜਨਾਵਾਂ, ਵਣ ਵਿਭਾਗ ਤੇ ਖੇਤੀ ਨਾਲ ਸਬੰਧਤ ਪ੍ਰਦਰਸ਼ਨੀਆਂ ਵੇਖ ਲਓ ! ਭੂਮੀ ਉਪਯੋਗ ਦੀਆਂ ਵਿਧੀਆਂ ਬਾਬਤ ਵੀ ਤਸਵੀਰਾਂ ਤੇ ਪੋਸਟਰ ਲੱਗੇ ਹਨ.. ਜਲ ਸੁਰੱਖਿਅਣ, ਵਣ ਜੀਵਨ, ਮੱਛੀ ਪਾਲਣ ਟੋਭੇ, ਮਿੱਟੀ ਆਦਿ ਦੀ ਵੀ ਜਾਣਕਾਰੀ ਹੈ...!

**(ਲੋਕ ਸਟਾਲਾਂ ਵੇਖ ਰਹੇ ਹਨ 'ਤੇ ਪੋਸਟਰ ਪੜ੍ਹ ਰਹੇ ਹਨ... ਜ਼ਰੂਰੀ ਆਵਾਜ਼ਾਂ)**

**ਐਲਾਨ:** ਬੈਠਕ ਸ਼ੁਰੂ ਹੋ ਰਹੀ ਹੈ! ਕ੍ਰਿਪਾ ਕਰਕੇ ਸਾਰੇ ਆਕੇ ਹਾਲ ਦੇ ਅੰਦਰ ਬੈਠ ਜਾਓ !

**(ਬੈਠਕ ਸ਼ੁਰੂ ਹੁੰਦੀ ਹੈ)**

**ਸੁਧੀਰ (ਤਹਿਸੀਲਦਾਰ):** ਨਮਸਕਾਰ! ਮੈਂ ਹਾਂ ਤਹਿਸੀਲਦਾਰ ਸੁਧੀਰ...! ਅੱਜ ਅਸੀਂ ਖੇਤੀ ਵਿਗਿਆਨੀ ਡਾ. ਬਲਵਿੰਦਰ ਸਿੰਘ, ਮਿੱਟੀ ਵਿਗਿਆਨੀ ਡਾ. ਸੁਨੀਲ ਤੇ ਖੇਤੀ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਹਰਵਿੰਦਰ ਕੌਰ ਨੂੰ ਸੱਦਾ ਦਿੱਤਾ ਹੈ ! ਇਹ ਸਾਰੇ ਮਾਹਰ ਖੇਤੀ ਮੁੱਦਿਆਂ 'ਤੇ ਚਰਚਾ ਕਰਨਗੇ ਅਤੇ ਤੁਹਾਡੇ ਸੰਕਿਆਂ ਦੀ ਨਵਿਰਤੀ ਕਰਨਗੇ !

**ਡਾ. ਸੁਨੀਲ:** ਦੋਸਤੋ... ਮੈਂ ਹਾਂ ਸੁਨੀਲ... ਅੱਛਾ ਦੱਸੋ, ਪ੍ਰਦਰਸ਼ਨੀ ਵਿਚੋਂ ਕਿਹੜੇ ਪੋਸਟਰ ਤੁਹਾਨੂੰ ਸਭ ਤੋਂ ਜਿਆਦਾ ਚੰਗੇ ਲੱਗੇ ?

**ਗਾਮਾ:** ਭੂਮੀ ਉਪਯੋਗ ਦੇ ਤਰੀਕਿਆਂ ਵਾਲੇ, ਪਾਣੀ ਸੁਰੱਖਿਅਣ, ਵਣ ਜੀਵਨ ਵਾਲੇ !

**ਸ਼ਿਵ:** ਮੈਨੂੰ , ਮਿੱਟੀ, ਸੂਖਮ ਜੀਵ ਤੇ ਭੂਮੀ ਦਾ ਵਰਗੀਕਰਨ ਵਾਲੇ ਪੋਸਟਰ ਚੰਗੇ ਲੱਗੇ !

**ਡਾ. ਸੁਨੀਲ:** ਬਹੁਤ ਵਧੀਆ! ਪਹਿਲਾਂ ਅਸੀਂ ਭੂਮੀ ਸ੍ਰੋਤ ਤੇ ਉਨ੍ਹਾਂ ਦੀ ਵਰਤੋਂ ਬਾਰੇ ਗੱਲ ਕਰਦੇ ਹਾਂ, ਜਿਵੇਂ ਜੈਵਿਕ ਖੇਤੀ, ਵਣੀਕਰਨ, ਜਲ-ਸ੍ਰੋਤ ਪ੍ਰਬੰਧਣ ਤੇ ਪ੍ਰਸਥਿਤਿਕੀ ਵਣ ਆਦਿ! ਪਰ ਭੂਮੀ ਦਾ ਨਿਮਨੀਕਰਨ ਸਾਡੇ ਸਾਰਿਆਂ ਦੇ ਲਈ ਚਿੰਤਾ ਦਾ ਵਿਸ਼ਾ ਹੈ!

**ਗਾਮਾ:** ਭੂਮੀ ਦਾ ਨਿਮਨੀਕਰਨ ਕੀ ਹੁੰਦਾ ਹੈ, ਸਰ?

**ਡਾ.ਸੁਨੀਲ:** ਭੂਮੀ ਦੀ ਉਤਪਾਦਨ ਸ਼ਕਤੀ ਜਦੋਂ ਅਸਥਾਈ ਜਾਂ ਸਥਾਈ ਰੂਪ ਨਾਲ ਘੱਟ ਹੋਣ ਲੱਗਦੀ ਹੈ ਉਸਨੂੰ ਕਹਿੰਦੇ ਨੇ ਭੂਮੀ ਦਾ ਨਿਮਨੀਕਰਨ, ਜਿਸ ਵਿੱਚ ਪੋਸ਼ਕ ਤੱਤਾਂ ਨੂੰ ਨੁਕਸਾਨ, ਬਨਸਪਤੀ ਦੀ ਕਮੀ, ਮਿੱਟੀ ਦੇ ਗੁਣਾਂ ਵਿਚ ਬਦਲਾਅ, ਮਿੱਟੀ ਦੀ ਉਪਜਾਊ ਸ਼ਕਤੀ ਨੂੰ ਨੁਕਸਾਨ ਆਦਿ ਸ਼ਾਮਲ ਹਨ !

**ਗਾਮਾ:** ਭੂਮੀ ਨਿਮਨੀਕਰਨ ਦੇ ਕੀ ਕਾਰਨ ਹੁੰਦੇ ਹਨ?

**ਡਾ. ਸੁਨੀਲ:** ਕਾਰਨ ਨੇ , ਵਣਾਂ ਦੀ ਕਟਾਈ, ਵਿਤੋਂ ਵੱਧ ਚਰਾਈ, ਖੇਤੀ ਵਿਧੀਆਂ, ਉਦਯੋਗੀਕਰਨ ਤੇ ਸ਼ਹਿਰੀਕਰਨ ! ਜਿਵੇਂ ਲੱਕੜ ਦੀ ਵਧਦੀ ਮੰਗ ਕਰਕੇ ਰੁੱਖਾਂ ਦੀ ਕਟਾਈ, ਪਸ਼ੂਆਂ ਰਾਹੀਂ ਘਾਹ ਆਦਿ ਜ਼ਿਆਦਾ ਚਰ ਜਾਣਾ, ਬਨਸਪਤੀ ਦੇ ਵਾਧੇ ਵਿਚ ਕਮੀ, ਬੇਲੋੜੇ ਪੌਦਿਆਂ ਦੀਆਂ ਪ੍ਰਜਾਤੀਆਂ ਵਧਣ ਨਾਲ ਮਿੱਟੀ ਦਾ ਨਿਮਨੀਕਰਨ ਵਧਣਾ !

**ਡਾ. ਬਲਵਿੰਦਰ ਸਿੰਘ:** ਆਧੁਨਿਕ ਖੇਤੀ ਵਿਧੀਆਂ, ਖਾਦਾਂ ਤੇ ਰਸਾਇਣਾਂ ਦੀ ਅਧਿਕ ਵਰਤੋਂ ਨੇ ਵੀ ਭੂਮੀ ਦੀ ਗੁਣਵੱਤਾ ਉਤੇ ਤੇ ਉਪਜਾਊ ਸ਼ਕਤੀ ‘ਤੇ ਮਾੜਾ ਅਸਰ ਪਾਇਆ ਹੈ...!

**ਗਾਮਾ:** ਭੂਮੀ-ਨਿਮਨੀਕਰਨ ਰੋਕਣ ਵਾਸਤੇ ਉਪਾਅ ਕਿਹੜੇ ਨੇ ?

**ਡਾ.ਸੁਨੀਲ:** ਰੋਕਣ ਵਾਸਤੇ ਉਪਾਅ ਨੇ, ਢਲਾਣਾਂ ਉੱਤੇ ਵੱਡੀਆਂ ਚੌੜੀਆਂ ਪੱਟੀਆਂ, ਪੌੜੀਆਂ ਦੇ ਅੱਡਿਆਂ ਦੀ ਤਰ੍ਹਾਂ ਕਿਆਰੀਆਂ ਜਾ ਫਿਰ ਵੱਟਾਂ ਅਤੇ ਖਾਲੀਆਂ ਬਣਾ ਕੇ , ਫ਼ਸਲਾਂ ਦਾ ਚੱਕੀਕਰਨ ਆਦਿ ਕਰਕੇ ਖੇਤੀ ਕਰਨਾ !

**ਸੁਧੀਰ:** ਸਰ, ਇਸ ਖੇਤਰ ਵਿਚ ਭੂ-ਜਲ ਵਿਚ ਖਾਰਾਪਣ ਵਧਦਾ ਹੀ ਜਾ ਰਿਹੈ..

**ਡਾ. ਬਲਵਿੰਦਰ ਸਿੰਘ:** ਹਾਂ ਖੇਤੀ ਲਈ ਇਹ ਇਕ ਮਹੱਤਵਪੂਰਨ ਮੁੱਦਾ ਹੈ... ਇਸ ਨਾਲ ਝਾੜ ਘਟਣ ਕਰਕੇ ਆਮਦਨ ਘਟ ਜਾਂਦੀ ਹੈ।

**ਗਾਮਾ:** ਸ੍ਰੀਮਾਨ ਜੀ ! ਭੂ-ਜਲ ਦੇ ਖਾਰੇਪਣ ਦਾ ਕਾਰਨ ਕੀ ਹੁੰਦੈ ?

**ਡਾ. ਬਲਵਿੰਦਰ ਸਿੰਘ:**ਖੇਤੀ, ਉਦਯੋਗ ਅਤੇ ਘਰੇਲੂ ਖੇਤਰਾਂ ਲਈ ਭੂ-ਜਲ ਦਾ ਹੱਦੋਂ ਵੱਧ ਸੋਸ਼ਣ ਅਤੇ ਸਮੁੰਦਰੀ ਜਲ ਦਾ ਭੂ-ਜਲ ਵਿੱਚ ਰਲ ਜਾਣਾ ਇਸ ਦਾ ਮੁੱਖ ਕਾਰਨ ਹੈ...!

**ਸੁਧੀਰ:** ਜੇਕਰ ਖੇਤੀ ਸਬੰਧਤ ਕੋਈ ਹੋਰ ਪ੍ਰਸ਼ਨ ਹੈ ਤਾਂ ਪੁੱਛ ਲਵੋ !

**ਗਾਮਾ:** ਮੇਰੀ ਜ਼ਮੀਨ ਪਹਿਲਾਂ ਵਰਗਾ ਝਾੜ ਨਹੀਂ ਦਿੰਦੀ.. ਮੈਂ ਕਰਜ਼ੇ ਵਿਚ ਡੁੱਬ ਗਿਆ ਹਾਂ...! ਬਹੁਤੇ ਕਿਸਾਨ ਭਰਾ ਜੂਝ ਰਹੇ ਨੇ ਇਸੇ ਤਰ੍ਹਾਂ ਦੀ ਸਮੱਸਿਆ ਨਾਲ...!

**ਡਾ. ਸੁਨੀਲ:** ਦਰਅਸਲ ਤੁਹਾਡੀ ਭੂਮੀ ਦੀ ਮਿੱਟੀ ਮਰ ਗਈ ਏ.. ਭੂਮੀ ਦੀ ਉਪਜਾਊ ਸ਼ਕਤੀ ਉੱਪਰਲੀ ਮਿੱਟੀ ਦੀ ਸਿਹਤ ‘ਤੇ ਨਿਰਭਰ ਕਰਦੀ ਹੈ, ਇਸ ਵਿਚ ਸਾਰੇ ਕੁਦਰਤੀ ਪੋਸ਼ਕ ਤੱਤ ਹੁੰਦੇ ਹਨ...! ਕਾਰਬਨਿਕ ਪਦਾਰਥ, ਇਸ ਪਰਤ ਦੀ ਬਣਾਵਟ ਅਤੇ ਪਰਤ ਵਿਚਲਾ ਸੂਖਮ ਜੀਵੀ ਜੀਵਨ ਵੀ ਉਪਜਾਊ ਸ਼ਕਤੀ ਵਾਸਤੇ ਮਹੱਤਵਪੂਰਨ ਹੈ.. ਉੱਪਰਲੀ ਮਿੱਟੀ ਜ਼ਿੰਦਾ ਹੋਣੀ ਚਾਹੀਦੀ ਏ.. ਜੇਕਰ ਇਹ ਮਰ ਜਾਵੇ, ਤਾਂ ਪੂਰੀ ਜ਼ਮੀਨ ਨਿਰਜੀਵ ਹੋ ਜਾਂਦੀ ਹੈ..

**ਗਾਮਾ:** ਮੇਰੇ ਖੇਤਾਂ ਦੀ ਉੱਪਰਲੀ ਮਿੱਟੀ ਨੂੰ ਆਖਿਰ ਹੋਇਆ ਕੀ ਏ?

**ਡਾ. ਸੁਨੀਲ:** ਉੱਪਰਲੀ ਮਿੱਟੀ ਜਾਂ ਵਹਿ ਗਈ ਜਾਂ ਖਰ ਗਈ ਹੈ...!

**ਗਾਮਾ:** ਇਸ ਦੀ ਵਜ੍ਹਾ ਕੀ ਹੈ ?

**ਡਾ. ਸੁਨੀਲ:** ਸਿੱਧਾ ਪੈਂਦਾ ਮੀਂਹ, ਮਿੱਟੀ ਨੂੰ ਬਰੀਕ ਕਣਾਂ ਵਿਚ ਤੋੜ ਦਿੰਦਾ ਹੈ.. ਮੀਂਹ ਦੇ ਪਾਣੀ ਨਾਲ ਜੈਵਿਕ ਪਦਾਰਥਾਂ ਵਾਲੀ ਉੱਪਰਲੀ ਮਿੱਟੀ ਵਹਿ ਜਾਂਦੀ ਹੈ...!

**ਗਾਮਾ:** ਸਰ ! ਇਸ ਭੋਂ -ਖੋਰ ਨੂੰ ਰੋਕੀਏ ਕਿਵੇਂ ?

**ਡਾ. ਸੁਨੀਲ:** ਤੁਸੀਂ ਘੱਟ ਵਹਾਈ ਤੇ ਗੁਡਾਈ ਕਰਦੇ ਹੋ , ਕਟਾਈ ਵੇਲੇ ਵੀ ਬਹੁਤ ਛੋਟੀ ਮੂੜ ਛੱਡਦੇ ਹੋ ! ਖੇਤ ਵਿਚਲੇ

ਵੱਡੇ ਕਰਚੇ ਜਾ ਮੂੜ੍ਹ ਮੀਂਹ ਤੇ ਹਵਾ ਰਾਹੀਂ ਜ਼ਿਆਦਾ ਕਟਾਓ ਹੋਣ ਤੋਂ ਰੋਕਦੇ ਹਨ!

**ਸ਼ਿਵ:** ਢਲਾਣਾਂ ਵਿਚ ਮਿੱਟੀ ਦਾ  ਨੁਕਸਾਨ ਕਿਵੇਂ ਰੋਕੀਏ ?

**ਡਾ.ਸੁਨੀਲ:** ਢਲਾਣਾਂ ‘ਤੇ ਬੰਨ੍ਹ ਬਣਾਕੇ ਮੀਂਹ ਦੇ ਪਾਣੀ ਦੀ ਸ਼ਕਤੀ ਨੂੰ ਤੋੜ ਸਕਦੇ ਹਾਂ !

**ਗਾਮਾ:** ਮਿੱਟੀ ਦੀ ਉਪਜਾਊ ਸ਼ਕਤੀ ਵਿਚ ਸੁਧਾਰ ਲਈ ਕੁਝ ਉਪਾਅ ਦੱਸੋ...!

**ਹਰਵਿੰਦਰ ਕੌਰ:**ਆਡਾਂ ਕੱਢ ਕੇ ਰਲਵੀਆਂ ਫ਼ਸਲਾਂ ਬੀਜਣਾ, ਜਿਵੇਂ ਕਣਕ ਤੇ ਸਰ੍ਹੋਂ, ਕਣਕ ਤੇ ਛੋਲੇ, ਮੱਕੀ ਤੇ ਲੋਬੀਆ ਆਦਿ

**ਡਾ. ਸੁਨੀਲ:** ਇਕ ਹੋਰ ਉਪਾਅ ਹੈ ਕਾਰਬਨਿਕ ਪਦਾਰਥਾਂ ਦੀ ਵਰਤੋਂ... ਜਿਵੇਂ ਝਿੰਜਣ, ਸਨੁਕੜਾ ਤੇ ਸਣ ਆਦਿ ਬੀਜਕੇ ਪਹਿਲੇ ਮੀਂਹ ਤੋਂ ਬਾਅਦ, ਵਿੱਚੇ ਵਾਹ ਦੇਣਾ ਜਾ ਗੰਡੋਆ ਖਾਦ ਪਾਉਣਾ !

**ਸੁਧੀਰ:** ਚਲੋ ! ਹੁਣ ਚਾਹ ਪੀ ਲਓ... 15 ਮਿੰਟ ਬਾਅਦ ਐਥੇ ਹੀ ਵਾਰਤਾਲਾਪ ਹੋਵੇਗਾ...!

**(ਚਾਹ ਦੇ ਕੱਪਾਂ ਦੀ ਆਵਾਜ਼.. ਕਿਸਾਨਾਂ ਦੀਆਂ ਗੱਲਾਂ ਕਰਦੇ ਹੋਏ ਆਵਾਜ਼ਾਂ)**

**(ਚਾਹ ਦੇ ਬਾਅਦ ਬੈਠਕ ਫਿਰ ਸ਼ੁਰੂ ਹੁੰਦੀ ਹੈ)**

**ਸ਼ਿਵ:** ਸਰ, ਮੇਰੀ ਜ਼ਮੀਨ ਬੰਜਰ ਹੋ ਗਈ , ਕੱਲਰ ਪੈ ਗਿਆ! ਸ਼ੋਰਾ ਜਮ੍ਹਾਂ ਹੋ ਗਿਆ ! ਕੀ ਕਰਾਂ ?

**ਡਾ. ਸੁਨੀਲ:** ਪਾਣੀ ਦੀ ਨਿਕਾਸੀ ਯਕੀਨੀ ਬਨਾਉ ! ਜਿਪਸਮ ਜਾਂ ਫੈਰਸ ਸਲਫੇਟ ਪਾਇਆ ਜਾ ਸਕਦਾ ਹੈ ! ਕੰਪੋਸਟ ਖਾਦ ਵੀ ਪੀ.ਐੱਚ ਦੀ ਮਾਤਰਾ ਘਟਾ ਸਕਦੀ ਹੈ...!

**ਹਰਵਿੰਦਰ ਕੌਰ:** ਸਮੱਸਿਆਵਾਂ ਦੇ ਹੱਲ ਵਾਸਤੇ ਕਿਸਾਨਾਂ ਨੂੰ ਮਿਲ ਬੈਠ ਕੇ ਜਾਣਕਾਰੀ ਸਾਂਝੀ ਕਰਨ ਦੀ ਲੋੜ ਹੈ ! ਅਲੱਗ-ਅਲੱਗ ਕੰਪਨੀਆਂ, ਡੀਲਰਾਂ ਜਾਂ ਏਜੰਸੀਆਂ ਦੇ ਲੜ ਲੱਗੇ ਇੱਕਲੇ-ਇਕੱਲੇ ਕਿਸਾਨਾਂ ਨੂੰ ਗੁਮਰਾਹ ਕਰਨਾ ਸੌਖਾ ਹੈ ਕਿਉਂਕਿ ਅਜਿਹੇ ਅਦਾਰੇ ਤਾਂ ਕੇਵਲ ਆਪਣੇ ਮੁਨਾਫ਼ੇ ਵਿਚ ਦਿਲਚਸਪੀ ਰੱਖਦੇ ਹਨ...!

**ਡਾ. ਸੁਨੀਲ:** ਅੱਜ ਕੱਲ੍ਹ ਮਨੁੱਖੀ ਗਤੀਵਿਧੀਆਂ ਨੇ ਹਾਲਾਤਾਂ ਬਦਲ ਦਿੱਤੀਆਂ ! ਭੂਮੀ ਵਰਤੋਂ ਦੇ ਬਦਲਾਅ ਕਾਰਨ ਜਲਵਾਯੂ ਬਦਲ ਗਿਆ...! ਖੇਤੀ ਤੇ ਚਾਰਗਾਹਾਂ ਲਈ ਰੁੱਖਾਂ ਦੀ ਕਟਾਈ ਨਾਲ ਭੂਮੀ ਉਤੇ, ਊਰਜਾ ਅਤੇ ਜਲ ਸੰਤੁਲਣ ਬਦਲ ਗਿਆ !

**ਡਾ. ਸੁਨੀਲ:** ਹਾਂ ! ਖੇਤੀ, ਮੱਛੀ ਪਾਲਣ, ਵਪਾਰ, ਸੈਰ-ਸਪਾਟਾ ਤੇ ਖਣਨ ਵਰਗੇ ਉਤਪਾਦਨ ਖੇਤਰਾਂ ਸਬੰਧੀ ਨੀਤੀਆਂ ਦੇ ਨਾਲ ਹੀ ਜੈਵ-ਵੰਨ ਸੁਵੰਨਤਾ ਸੁਰੱਖਿਅਣ ਦੇ ਕੰਮਾਂ ਨੂੰ ਏਕੀਕ੍ਰਿਤ ਕਰਕੇ ਟਿਕਾਊ ਵਿਕਾਸ ਵੱਲ ਵਧਣਾ ਜ਼ਰੂਰੀ ਹੈ।

**(ਚੀਕ ਦੀ ਅਵਾਜ਼.. “ਮੈਂ...ਮੈਂ ਆਤਮ ਹੱਤਿਆ ਕਰ ਲਵਾਂਗਾ”)**

**(ਸੰਮੇਲਣ ਕਮਰੇ ਵਿਚ ਹੰਗਾਮਾ... ਦ੍ਰਿਸ਼ ਤੁਰੰਤ ਬਦਲ ਜਾਂਦਾ ਹੈ..ਜ਼ਰੂਰੀ ਅਵਾਜ਼ਾਂ ਦੇ ਨਾਲ)**

**ਹਰਵਿੰਦਰ ਕੌਰ:** ਇਹ ਕੀ..?

**ਸੁਧੀਰ:**ਜੁਆਨ! ਐਨਾ ਭਾਵੁਕ ਨਾ ਹੋ ! ਦੱਸ ! ਕੀ ਹੈ ਸਮੱਸਿਆ ਤੇਰੀ ? ਅਸੀਂ ਇੱਥੇ ਤੁਹਾਡੀ ਮੱਦਦ ਵਾਸਤੇ ਹਾਂ...!

**ਨਰੰਜਣ:** ਮੈਂ ਕਪਾਹ ਦੇ ਬੀਜ ਖਰੀਦੇ, ਫ਼ਸਲ ‘ਤੇ ਖਰਚ ਕੀਤਾ.. ਪਰ ਪੂਰੀ ਫ਼ਸਲ ਬਰਬਾਦ ਹੋ ਗਈ.. ਹੁਣ ਕਰਜ਼ਾ ਨਹੀਂ  ਉਤਾਰਦਾ ... ਆਤਮ ਹੱਤਿਆ ਨਾ ਕਰਾਂ ਤਾਂ ਕੀ ਕਰਾਂ ?

**ਸੁਧੀਰ:**ਗਰੀਬ ਕਿਸਾਨਾਂ ਦੀ ਮੱਦਦ ਲਈ ਸਰਕਾਰ ਕਈ ਯੋਜਨਾਵਾਂ ਚਲਾ ਰਹੀ ਹੈ! ਕੁੱਝ ਖੇਤੀ ਕਰਜ਼ਿਆਂ ਨੂੰ ਮਾਫ਼ ਕੀਤਾ ਜਾ ਰਿਹਾ ਏ...! ਚਿੰਤਾ ਕਿਉਂ ਕਰਦੇ ਹੋ? ਹੁਣ ਤਾਂ ਤੇਰੇ ਵਰਗੇ ਪੰਜ ਏਕੜ ਤੱਕ ਵਾਲੇ ਕਿਸਾਨ ਨੂੰ ਅਪਣੇ ਹੀ ਖੇਤ ਵਿੱਚ ਕੰਮ ਕਰਕੇ ਮਗਨਰੇਗਾ ਦੀ ਦਿਹਾੜੀ ਵੀ ਮਿਲ ਸਕਦੀ ਹੈ ! ਗ੍ਰਾਮ ਸਭਾ ਵਿੱਚ ਆਪਣਾ ਜੌਬ ਕਾਰਡ ਬਣਵਾ ਲਈਂ !

**ਨਰੰਜਣ:** ਡੀਲਰ ਨੇ ਮੈਨੂੰ ਧੋਖਾ ਦਿੱਤਾ... ਉਸ ਨੇ ਮੈਨੂੰ ਨਕਲੀ ਬੀਜ ਵੇਚੇ..

**ਸੁਧੀਰ:** ਅਸੀਂ ਪੜਤਾਲ ਕਰਾਂਗੇ ! ਡੀਲਰ ਨੂੰ ਸ਼ਜਾ ਦੇਵਾਂਗੇ...! ਪਰ ਗੁਣਵਤਾ ਵਾਸਤੇ ਬੀਜ ਤਾਂ ਤੁਹਾਨੂੰ ਰਾਸਟਰੀ ਬੀਜ ਨਿਗਮ ਜਾ ਰਾਜ ਬੀਜ ਨਿਗਮ ਦੀ ਸਰਕਾਰੀ ਦੁਕਾਨ ਤੋਂ ਹੀ ਖ਼੍ਰੀਦਣੇ ਚਾਹੀਦੇ ਨੇ !

**ਨਰੰਜਣ:** ਤੁਹਾਡੀ ਸਲਾਹ ਮੰਨ ਕੇ ਵੇਖ ਲੈਂਦਾ ਹਾਂ !

**ਸੁਧੀਰ:**ਤੁਹਾਡੇ ਸਵਾਲਾਂ ਤੋਂ ਲੱਗਦਾ ਹੈ ਕਿ ਇਹ ਬੈਠਕ ਬਹੁਤ ਫਾਇਦੇਮੰਦ ਰਹੀ ਹੈ ! ਜ਼ਮੀਨ ਦੇ ਟਿਕਾਊ ਉਪਯੋਗ 'ਤੇ ਅਸੀਂ ਕੁਝ ਪੁਸਤਕਾਂ ਰੱਖੀਆਂ ਹਨ... ਕ੍ਰਿਪਾ ਕਰਕੇ ਉਨ੍ਹਾਂ ਨੂੰ ਲੈ ਕੇ ਪੜੋ ਅਤੇ ਆਪਣੇ ਦੋਸਤਾਂ ਨਾਲ ਚਰਚਾ ਕਰੋ...!

**ਗਾਮਾ, ਸ਼ਿਵ ਅਤੇ ਹੋਰ ਕਿਸਾਨ:** ਬਹੁਤ-ਬਹੁਤ ਧੰਨਵਾਦ ਜੀ !

(ਸਮਾਪਤ)

**ਪ੍ਰਸ਼ਨ-1 ਮਿੱਟੀ ਦੀ ਉਪਰਲੀ ਪਰਤ ਕਿਉਂ ਹੁੰਦੀ ਹੈ ਉਜਾਊ?**

ਉੱਤਰ: ਕਿਉਂ ਜੋ ਉਸ ਵਿੱਚ ਕਾਰਬਨੀ ਨਿੱਕ ਸੁੱਕ ਪੱਤੇ ਆਦਿ ਤੇ ਉਪਯੋਗੀ ਜੀਵ ਜੰਤੂ ਹੁੰਦੇ ਨੇ !

**ਪ੍ਰਸ਼ਨ -2 ਜ਼ਮੀਨ ਦੀ ਵਰਤੋਂ ਬਦਲਣ ਨਾਲ ਜੰਗਲੀ ਜੀਵਾਂ 'ਤੇ ਕੀ ਪਏ ਨੇ ਪ੍ਰਭਾਵ ?**

ਉੱਤਰ: ਵਣ ਜੀਵਾਂ ਦਾ ਰੈਣ ਬਸੇਰਾ ਖਤਮ ਹੋਣ ਕਰਕੇ ਉਹ ਬਸਤੀਆਂ ਵਿੱਚ ਆ ਕੇ, ਖੇਤੀ ਦਾ ਉਜਾੜਾ ਕਰ ਰਹੇ ਨੇ !